**16ਵੀਂ ਵਿਧਾਨ ਸਭਾ**
**13ਵਾਂ ਸਮਾਗਮ**

## ਪੰਜਾਬ ਵਿਧਾਨ ਸਭਾ ਸਕੱਤਰੇਤ

## ਨੋਟਿਸ

ਜਿਵੇਂ ਕਿ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 28(1) ਅਧੀਨ ਉਪਬੰਧਤ ਹੈ, ਮਾਣਯੋਗ ਸਪੀਕਰ ਸਾਹਿਬ ਨੇ ਪ੍ਰਸੰਨਤਾ ਪੂਰਵਕ ਹੁਕਮ ਕੀਤੇ ਹਨ ਕਿ **ਮੰਗਲਵਾਰ** ਮਿਤੀ 04 **ਅਗਸਤ**, 2026 ਨੂੰ ਪ੍ਰਸ਼ਨ ਕਾਲ, ਮੁਲਤਵੀ ਕੀਤੇ ਗਏ ਨਿਸ਼ਾਨ ਵਾਲੇ ਪ੍ਰਸ਼ਨ ਨੰ: 1870 (03 **ਅਗਸਤ**, 2026 ਦੀ ਸੂਚੀ ਵਿਚ ਦਰਜ) ਦੇ ਨਾਲ ਸ਼ੁਰੂ ਹੋਵੇਗਾ ਅਤੇ ਇਸ ਉਪਰੰਤ, ਉਸ ਦਿਨ ਅਰਥਾਤ 04 **ਅਗਸਤ**, 2026 ਦੀ ਬੈਠਕ ਦੇ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਨਿਯਮਿਤ ਸੂਚੀ ਲਈ ਜਾਵੇਗੀ।

**ਮਿਤੀ ਚੰਡੀਗੜ੍ਹ :**
03 **ਅਗਸਤ**, 2026

**ਰਾਮ ਲੋਕ ਖਟਾਣਾ,**
**ਸਕੱਤਰ।**

## ਪੰਜਾਬ ਵਿਧਾਨ ਸਭਾ ਸਕੱਤਰੇਤ

ਨੰ:2-ਕਿਊ.ਬੀ-2026/ 14540 **ਮਿਤੀ ਚੰਡੀਗੜ੍ਹ** 03 **ਅਗਸਤ**,2026

ਕਾਪੀ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਰਵਾਈ ਲਈ ਭੇਜੀ ਜਾਂਦੀ ਹੈ:-

1. ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ;
2. ਮੁੱਖ ਸਕੱਤਰ, ਪੰਜਾਬ ਸਰਕਾਰ;
3. ਸਮੂਹ ਸਪੈਸ਼ਲ/ਵਧੀਕ ਮੁੱਖ ਸਕੱਤਰ/ਵਿੱਤ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
4. ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ, ਸੰਸਦੀ ਮਾਮਲੇ ਵਿਭਾਗ;
5. ਸਮੂਹ ਵਿਭਾਗਾਂ ਦੇ ਮੁੱਖੀ, ਪੰਜਾਬ; ਅਤੇ
6. ਮੁੱਖ ਮੰਤਰੀ/ਮੰਤਰੀਆਂ ਦੇ ਨਿੱਜੀ ਸਕੱਤਰ/ਨਿੱਜੀ ਸਹਾਇਕ।

ਰਿਤੂ ਸੋਗਰਸ
**ਅਧੀਨ ਸਕੱਤਰ।**

**ਪਰਤੋਂ ਜੀ....**

# ਪੰਜਾਬ ਵਿਧਾਨ ਸਭਾ

ਮੰਗਲਵਾਰ, ਮਿਤੀ 04 ਅਗਸਤ, 2026

ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿੱਚ ਪੁੱਛੇ ਜਾਣ ਵਾਲਾ
**ਮੁਲਤਵੀ ਕੀਤਾ ਨਿਸ਼ਾਨ ਵਾਲਾ ਪ੍ਰਸ਼ਨ**

------

## ਹਲਕਾ ਦਸੂਹਾ ਦੇ ਬਲਾਕ ਤਲਵਾੜਾ ਦੇ ਪਿੰਡ ਧਾਰ, ਬਨਕਰਨਪੁਰ ਵਿੱਚ ਹਵਾ ਮਹਿਲ ਬਣਾਉਣ ਦੇ ਵੇਰਵੇ

***1870. ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੇ ਬਲਾਕ ਤਲਵਾੜਾ ਦੇ ਪਿੰਡ ਧਾਰ, ਬਨਕਰਨਪੁਰ ਵਿੱਚ ਜੰਗਲਾਤ ਵਿਭਾਗ ਦੀ ਜਮੀਨ ਵਿੱਚ ਸਰਕਾਰ ਵਲੋਂ ਹਵਾ ਮਹਿਲ ਬਣਾਉਣ ਦੀ ਤਜਵੀਜ਼ ਸੀ, ਜਿਸ ਵਾਸਤੇ ਫੰਡ ਵੀ ਮੰਨਜ਼ੂਰ ਕੀਤੇ ਗਏ ਸੀ, ਪਰ ਤਕਨੀਕੀ ਕਾਰਨਾਂ ਕਰਕੇ ਕੰਮ ਸ਼ੁਰੂ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਵਲੋਂ ਇਸ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਈ ਤਜਵੀਜ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਚੰਡੀਗੜ੍ਹ
ਮਿਤੀ 03 ਅਗਸਤ, 2026

**ਰਾਮ ਲੋਕ ਖਟਾਣਾ,**
ਸਕੱਤਰ,
ਪੰਜਾਬ ਵਿਧਾਨ ਸਭਾ।